homesafe fire safety and prevention

SURREY FIRE SERVICES

# ਘਰ ਦੀ ਸੁਰੱਖਿਆ ਦੀ ਇਨਸਪੈਕਸ਼ਨ ਰੀਪੋਰਟ

**ਘਰ ਵਿੱਚ ਰਹਿਣ ਵਾਲੇ ਦਾ ਨਾਮ**________________________________ **ਪਤਾ**__________________________

**ਤਾਰੀਖ਼**________________ **ਇਨਸਪੈਕਟਰ**__________________

## ਖਾਣਾ ਬਣਾਉਣ ਵੇਲੇ ਸੁਰੱਖਿਆ

ਹਾਂ ਨਹੀਂ ਕੀ ਸਟੋਵ ਤੇ ਖਾਣਾ ਬਣਨ ਵਕਤ ਕੋਈ ਬਾਲਗ (ਵੱਡਾ) ਕਿਚਨ ਵਿੱਚ ਹੁੰਦਾ ਹੈ?

ਹਾਂ ਨਹੀਂ ਕੀ ਪੜਦੇ, ਟਾਵਲਜ਼, ਪਾਟਹੋਲਡਰਜ਼, ਬੌਕਸ, ਪੇਪਰ ਅਤੇ ਹੋਰ ਚੀਜ਼ਾਂ ਜਿਨ੍ਹਾਂ ਨੂੰ ਅੱਗ ਲੱਗ ਸਕਦੀ ਹੈ ਉਹ ਸਟੋਵ ਅਤੇ ਸਟੋਵ ਦੇ ਕਾਊਂਟਰ ਤੋਂ ਦੂਰ ਰੱਖੀਆਂ ਹਨ?

ਹਾਂ ਨਹੀਂ ਜੇ ਕਿਤੇ ਪੈਨ ਵਿੱਚ ਅੱਗ ਲੱਗ ਜਾਏ ਤਾਂ ਕੀ ਪੈਨ ਦਾ ਢੱਕਣ ਜਾਂ ਕੁਕੀ ਸ਼ੀਟ ਇਸਤੇਮਾਲ ਕਰਨ ਲਈ ਨਜ਼ਦੀਕ ਹੈ? ਕਦੇ ਵੀ ਅੱਗ ਲੱਗੇ ਬਰਤਨ ਨੂੰ ਨਾ ਹਿਲਾਓ।

ਹਾਂ ਨਹੀਂ ਕੀ ਪੈਨ ਦੇ ਕੁੰਡੇ ਅੰਦਾਵਾਰ ਹਨ ਤਾਂਕਿ ਉਨ੍ਹਾਂ ਨੂੰ ਧੱਕਾ ਨਾ ਲੱਗੇ?

ਹਾਂ ਨਹੀਂ ਜਦੋ ਬਾਲਗ (ਵੱਡੇ) ਖਾਣਾ ਬਣਾ ਰਹੇ ਹੋਣ ਤਾਂ ਕੀ ਸਟੋਵ ਦੁਆਲੇ 3 ਫ਼ੁਟ ਦਾ “ਬੱਚੇ ਨਹੀਂ” ਵਾਲਾ ਸਥਾਨ ਹੈ?

## ਬਿਜਲੀ ਤੋਂ ਸੁਰੱਖਿਆ

ਹਾਂ ਨਹੀਂ ਕੀ ਐਕਸਟੈਂਸ਼ਨ ਕਾਰਡ ਦੀ ਠੀਕ ਵਰਤੋਂ ਹੋ ਰਹੀ ਹੈ?
ਕਾਰਡ ਨੂੰ ਬਿਜਲੀ ਦੀ ਤਾਰ ਵਾਲੀ ਥਾਂ ਤੇ ਨਹੀਂ ਲਗਾਉਣਾ ਚਾਹੀਦਾ, ਇਸਨੂੰ ਕਾਰਪੈਟ ਦੇ ਥੱਲੇ ਨਾ ਢੱਕੋ ਜਾਂ ਦਰਵਾਜ਼ਿਆ ਦੇ ਵਿਚਕਾਰ ਨਾ ਲਗਾਓ।

ਹਾਂ ਨਹੀਂ ਕੀ ਬਿਜਲੀ ਦੇ ਯੰਤਰਾਂ ਦੀ ਮੁਰੰਮਤ ਠੀਕ ਹੈ? ਸਾਰੀਆਂ ਬਿਜਲੀ ਦੀਆਂ ਤਾਰਾਂ ਜਿਨ੍ਹਾਂ ਨੂੰ ਰਗੜ ਲੱਗੀ ਹੈ ਜਾਂ ਪੁਰਾਣੀਆਂ ਹੋ ਚੁਕੀਆਂ ਹਨ ਨੂੰ ਬਦਲ ਦਿਓ।

ਹਾਂ ਨਹੀਂ ਜ਼ਿਆਦਾ ਯੰਤਰਾਂ ਲਈ ਬਿਜਲੀ ਦੇ ਸਰਕਟ ਵਿੱਚ ਕੀ ਯੂ ਐਲ ਜਾਂ ਸੀ ਐਸ ਏ ਵਲੋਂ ਮਨਜ਼ੂਰਸ਼ੁਦਾ ਪਾਵਰ ਸਟਰਿਪਸ ਹੀ ਇਸਤੇਮਾਲ ਕੀਤੀਆਂ ਜਾ ਰਹੀਆਂ ਹਨ?

ਹਾਂ ਨਹੀਂ ਕੀ ਕਮਰਾ ਗਰਮ ਕਰਨ ਵਾਲੇ ਚੁਕਵੇਂ ਹੀਟਰ ਕਮਰੇ ਵਿੱਚੋਂ ਬਾਹਰ ਜਾਣ ਤੋਂ ਪਹਿਲਾਂ ਜਾਂ ਸੌਣ ਵਕਤ ਬੰਦ ਕਰ ਦਿੱਤੇ ਜਾਂਦੇ ਹਨ?

ਹਾਂ ਨਹੀਂ ਜੇ ਕਮਰਾ ਗਰਮ ਕਰਨ ਵਾਲੇ ਹੀਟਰ ਇਸਤੇਮਾਲ ਕੀਤੇ ਜਾਂਦੇ ਹਨ ਤਾਂ, ਕੀ ਉਨ੍ਹਾਂ ਨੂੰ ਅੱਗ ਲੱਗਣ ਵਾਲੀਆਂ ਚੀਜ਼ਾਂ ਜਿਵੇਂ ਪੜਦੇ, ਕਾਗਜ਼, ਟਾਵਲਜ਼ ਅਤੇ ਫ਼ਰਨੀਚਰ ਆਦਿ ਤੋਂ 3 ਫ਼ੁਟ ਦੂਰ ਰੱਖਿਆ ਜਾਂਦਾ ਹੈ?

ਹਾਂ ਨਹੀਂ ਕੀ ਅੱਗ ਲੱਗਣ ਵਾਲੀਆਂ ਚੀਜ਼ਾਂ ਫ਼ਰਨੈਂਸ ਅਤੇ ਪਾਣੀ ਗਰਮ ਕਰਨ ਵਾਲੇ ਹੀਟਰ ਤੋਂ 3 ਫ਼ੁਟ ਦੂਰ ਸਟੋਰ ਕੀਤੀਆਂ ਜਾਂਦੀਆਂ ਹਨ?

ਹਾਂ ਨਹੀਂ ਜੇ ਤੁਹਾਡੀ ਫ਼ਾਇਰ ਪਲੇਸ ਵਿੱਚ ਲੱਕੜੀ ਬਲਦੀ ਹੈ ਤਾਂ ਕੀ ਚੰਗਿਆੜਿਆਂ ਨੂੰ ਰੋਕਣ ਲਈ ਉਸ ਦੇ ਅੱਗੇ ਮਜ਼ਬੂਤ ਜਾਲੀ ਹੈ?

ਹਾਂ ਨਹੀਂ ਕੀ ਤੁਹਾਡੀ ਫ਼ਾਇਰ ਪਲੇਸ ਅਤੇ ਚਿਮਨੀ ਦੀ ਇਸ ਸਾਲ ਇਨਸਪੈਕਸ਼ਨ ਅਤੇ ਸਫ਼ਾਈ ਹੋਈ ਹੈ?

ਹਾਂ ਨਹੀਂ ਕੀ ਤੁਹਾਡੀ ਫ਼ਰਨੈਂਸ ਨੂੰ ਫ਼ਰਨੈਂਸ ਸਰਵਸ ਕੰਪਨੀ ਵਾਲੇ ਇਸ ਸਾਲ ਚੈੱਕ ਕਰ ਗਏ ਹਨ?

ਹਾਂ ਨਹੀਂ ਕੀ ਪਰੋਪੇਨ ਸਿਲੈਂਡਰ ਅਤੇ ਹੋਰ ਅੱਗ ਲੱਗਣ ਵਾਲੇ ਪਦਾਰਥ ਘਰ ਤੋਂ ਬਾਹਰ ਸਟੋਰ ਕੀਤੇ ਹੋਏ ਹਨ?

## ਮੋਮਬੱਤੀਆਂ ਤੋਂ ਸੁਰੱਖਿਆ

ਹਾਂ ਨਹੀਂ ਕੀ ਕਮਰੇ ਤੋਂ ਬਾਹਰ ਜਾਣ ਲੱਗਿਆਂ ਜਾਂ ਸੌਣ ਲੱਗਿਆਂ ਮੋਮਬੱਤੀ ਬੁਝਾਈ ਜਾਂਦੀ ਹੈ?

ਹਾਂ ਨਹੀਂ ਜਿਨ੍ਹਾਂ ਚੀਜ਼ਾਂ ਨੂੰ ਮੋਮਬੱਤੀਆਂ ਤੋਂ ਅੱਗ ਲੱਗ ਸਕਦੀ ਹੈ ਜਿਵੇਂਕਿ ਪੜਦੇ, ਬਲਾਂਈਂਡਜ਼, ਵਾਲਪੇਪਰ, ਬੁਲੇਟਿਨ ਬੋਰਡ ਅਤੇ ਕਪੜੇ ਆਦਿ ਨੂੰ, ਕੀ ਮੋਮਬੱਤੀਆਂ ਨੂੰ ਉਨ੍ਹਾਂ ਤੋਂ 2 ਫ਼ੁਟ ਦੂਰ ਰੱਖਿਆ ਜਾਂਦਾ ਹੈ?

ਹਾਂ ਨਹੀਂ ਕੀ ਮੋਮਬੱਤੀਆਂ ਦਾ ਸਟੈਂਡ ਮਜ਼ਬੂਤ ਅਤੇ ਅੱਗ ਨਾ ਲੱਗਣ ਵਾਲਾ ਹੈ ਜੋ ਅਸਾਨੀ ਨਾਲ ਉਲਟ ਨਾ ਸਕੇ ਅਤੇ ਮੋਮਬੱਤੀ ਦੀ ਮੋਮ ਵੀ ਉਸ ਵਿੱਚ ਹੀ ਡਿੱਗੇ?

## ਧੂੰਏਂ ਦੇ ਅਲਾਰਮ ਅਤੇ ਘਰ ਵਿੱਚ ਅੱਗ ਤੋਂ ਬਚਣ ਦੇ ਉਪਾਅ

ਹਾਂ ਨਹੀਂ ਬੇਸਮੈਂਟ ਅਤੇ ਸੌਣ ਵਾਲੀ ਜਗ੍ਹਾ ਸਮੇਤ ਕੀ ਤੁਹਾਡੇ ਘਰ ਦੀ ਹਰ ਇੱਕ ਮੰਜ਼ਲ ਤੇ ਧੂੰਏਂ ਦਾ ਅਲਾਰਮ ਹੈ?

ਹਾਂ ਨਹੀਂ ਕੀ ਧੂੰਏਂ ਦੇ ਅਲਾਰਮ ਨਿਰਮਾਤਾ ਦੀਆਂ ਹਿਦਾਇਤਾਂ ਅਨੁਸਾਰ ਲਗਾਏ ਗਏ ਹਨ? ਬੰਦ ਹਵਾ ਵਾਲੀ ਜਗ੍ਹਾ ਤੇ ਤਾਂ ਨਹੀਂ ਲਗਾਏ।

ਹਾਂ ਨਹੀਂ ਕੀ ਤੁਹਾਡੇ ਧੂੰਏਂ ਦੇ ਅਲਾਰਮ ਹਰ ਮਹੀਨੇ ਟੈਸਟ ਕੀਤੇ ਜਾਂਦੇ ਹਨ?

ਹਾਂ ਨਹੀਂ ਕੀ ਧੂੰਏਂ ਦੇ ਅਲਾਰਮ ਦੀ ਅਵਾਜ਼ ਨੂੰ ਸਭ ਸੁਣ ਸਕਦੇ ਹਨ ਅਤੇ ਉਨ੍ਹਾਂ ਨੂੰ ਪਤਾ ਹੈ ਕਿ ਇਹ ਕੀ ਹੈ?

ਹਾਂ ਨਹੀਂ ਕੀ ਧੂੰਏਂ ਦੇ ਅਲਾਰਮ 10 ਸਾਲ ਤੋਂ ਜ਼ਿਆਦਾ ਪੁਰਾਣੇ ਹਨ? ਜੇ ਹਨ ਤਾਂ ਉਨ੍ਹਾਂ ਨੂੰ ਬਦਲ ਦੇਣਾ ਚਾਹੀਦਾ ਹੈ।

ਹਾਂ ਨਹੀਂ ਕੀ ਤੁਸੀਂ ਧੂੰਏਂ ਦੇ ਅਲਾਰਮ ਦੀਆਂ ਬੈਟਰੀਆਂ ਇਸ ਸਾਲ ਦੋ ਵਾਰ ਬਦਲੀਆਂ ਹਨ? ਸਾਲ ਵਿੱਚ ਘੜੀਆਂ ਦਾ ਵਕਤ ਬਦਲਣ ਦੇ ਨਾਲ ਬੈਟਰੀਆਂ ਬਦਲਣਾਂ ਯਾਦ ਰੱਖਣ ਦਾ ਸੌਖਾ ਤਰੀਕਾ ਹੈ।

ਹਾਂ ਨਹੀਂ ਕੀ ਤੁਹਾਡੇ ਪਰਵਾਰ ਦੀ ਅੱਗ ਵਿੱਚੋਂ ਨਿਕਲਣ ਦੀ ਕੋਈ ਵਿਓਂਤ ਹੈ ਅਤੇ ਉਸ ਦੀ ਹਰ 6 ਮਹੀਨੇ ਬਾਅਦ ਪਰੈਕਟਿਸ ਕਰਦੇ ਹੋ?

## ਆਮ ਜਾਣਕਾਰੀ ਅਤੇ ਘਰ ਦਾ ਪਰਬੰਧ

ਹਾਂ ਨਹੀਂ ਕੀ ਸੜਕ ਤੋਂ ਤੁਹਾਡੇ ਘਰ ਦਾ ਨੰਬਰ ਦਿਨੇਂ ਅਤੇ ਰਾਤੀਂ ਨਜ਼ਰ ਆਉਂਦਾ ਹੈ?

ਹਾਂ ਨਹੀਂ ਕੀ ਧੂਏਂ ਵਾਲੀਆਂ ਚੀਜ਼ਾਂ ਨੂੰ ਰੱਕਣ ਲਈ ਉਚਿਤ ਐਸ਼ਟਰੇ ਜਾਂ ਮਨਜ਼ੂਰਸ਼ੁਦਾ ਡੱਬੇ ਹਨ?

ਹਾਂ ਨਹੀਂ ਕੀ ਘਰ ਵਿੱਚ ਵਰਤਣ ਵਾਲੇ ਰਸਾਇਣ ਉਚਿਤ ਲੇਬਲ ਵਾਲੇ ਡੱਬਿਆਂ ਵਿੱਚ ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੇ ਹਨ?

ਹਾਂ ਨਹੀਂ ਕੀ ਪੈਟਰੋਲ ਨੂੰ ਮਨਜ਼ੂਰਸ਼ੁਦਾ ਡੱਬੇ ਵਿੱਚ ਦੂਜੀਆਂ ਅੱਗ ਲੱਗਣ ਵਾਲੀਆਂ ਚੀਜ਼ਾਂ ਤੋਂ ਦੂਰ ਵੱਖਰੇ ਸ਼ੈੱਡ ਵਿੱਚ ਰੱਖਿਆ ਹੋਇਆ ਹੈ?

ਹਾਂ ਨਹੀਂ ਕੀ ਮਾਚਸਾਂ ਅਤੇ ਲਾਈਟਰ ਬੱਚਿਆਂ ਦੀ ਪਹੁੰਚ ਅਤੇ ਨਜ਼ਰ ਤੋਂ ਉੱਚੇ ਰੱਖੇ ਹੋਏ ਹਨ?

**ਸਰੀ ਫ਼ਾਇਰ ਸਰਵਿਸ ਸਿਫ਼ਾਰਿਸ਼ ਕਰਦੀ ਹੈ ਕਿ ਕੈਨੇਡਾ ਵਿੱਚ ਅੱਗ ਰੋਕੂ ਹਫ਼ਤੇ, ਅਕਤੂਬਰ ਦੇ ਦੂਜੇ ਹਫ਼ਤੇ, ਸਾਲ ਵਿੱਚ ਇੱਕ ਵਾਰ ਘਰ ਸੁਰੱਖਿਆ ਦੀ ਪੂਰੀ ਇਨਸਪੈਕਸ਼ਨ ਤੁਸੀਂ ਕਰੋ।**

**ਮਦਦ ਜਾਂ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਸਰੀ ਫ਼ਾਇਰ ਸਰਵਿਸ, ਅੱਗ ਰੋਕੂ ਬਰਾਂਚ ਨੂੰ 604-543-6780 ਤੇ ਫ਼ੋਨ ਕਰੋ।**